# BIG FIELD Care Pvt. Ltd.

CIN: U01409PB2020PTC051586

ISO 9001



## ਖੇਤੀ ਵਿਭਿੰਨਤਾ ਵੱਲ ਵਧਦੇ ਕਦਮ......





- ਗ੍ਰੀਨ ਹਾਊਸ (ਫੈਨ ਐਂਡ ਪੈਡ ਸਿਸਟਮ, ਨੈਚੁਰਲੀ ਵੈਂਟੀਲੇਟਿਡ ਪੋਲੀ ਹਾਊਸ, ਸ਼ੇਡਨੈੱਟ ਹਾਊਸ, ਵਾਲਕ-ਇਨ-ਟਨਲ) ਤਿਆਰ ਕਰਨ ਦੀ ਸੁਵਿਧਾ
- ਕਿਸਾਨਾਂ ਦੀ ਸਹੂਲਤ ਲਈ ਖੇਤੀਬਾੜੀ ਮਾਹਿਰ ਸਹਾਇਤਾ
- ਤਿਆਰ ਫਸਲਾਂ ਨੂੰ ਵੇਚਣ ਲਈ ਮੰਡੀਕਰਨ ਸਹਾਇਤਾ
- ਨਵੀਆਂ ਖੋਜਾਂ ਅਤੇ ਤਕਨੀਕਾਂ ਸਬੰਧੀ ਜਾਣਕਾਰੀ ਦੇਣਾ

### ਬਿੱਗ ਫੀਲਡ :-

ਬਿੱਗ ਫੀਲਡ ਕੇਅਰ ਪ੍ਰਾ. ਲਿਮ: ਸੰਸਥਾ ਤੁਹਾਡੇ ਖੇਤਾਂ ਵਿੱਚ ਗ੍ਰੀਨ ਹਾਊਸ ਬਣਾਉਣ ਲਈ ਸੰਪੂਰਨ ਸੇਵਾਵਾਂ ਮੁਹੱਈਆ ਕਰਵਾਉਂਦੀ ਹੈ । ਸਾਡਾ ਇਹ ਸੰਗਠਨ ਇੱਕ ਵਿਲੱਖਣ ਸੋਚ ਰੱਖਦਾ ਹੈ ਜਿਸਦਾ ਮੁੱਖ ਮੰਤਵ ਅੰਤਰਰਾਸ਼ਟਰੀ ਪੱਧਰ 'ਤੇ ਖੇਤੀਬਾੜੀ ਨਾਲ ਸਬੰਧਿਤ ਨਵੀਆਂ ਖੋਜਾਂ ਅਤੇ ਖੇਤੀਬਾੜੀ ਯੂਨੀਵਰਸਿਟੀਆਂ ਦੁਆਰਾ ਖੇਤੀਬਾੜੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਨੂੰ ਆਪਣੇ ਤਜ਼ਰਬੇਕਾਰ ਸਟਾਫ ਰਾਹੀਂ ਹਰ ਇੱਕ ਕਿਸਾਨ ਤੱਕ ਪਹੁੰਚਾਉਣਾ ਹੈ । ਤਾਂ ਕਿ ਕਿਸਾਨਾਂ ਦੇ ਵਿੱਤੀ ਪੱਧਰ ਵਿੱਚ ਸੁਧਾਰ ਲਿਆਂਦਾ ਜਾ ਸਕੇ ।

### ਗ੍ਰੀਨ ਹਾਊਸ ਦੀ ਉਸਾਰੀ :-

ਸਾਡੇ ਗਰੀਨ ਹਾਊਸ ਦਾ ਢਾਂਚਾ ਉੱਚ ਕੁਆਲਿਟੀ ਦੇ ਸਮਾਨ ਅਤੇ ਬਹੁਤ ਹੀ ਤਜਰਬੇਕਾਰ ਸਟਾਫ ਦੁਆਰਾ ਤਿਆਰ ਕੀਤਾ ਜਾਂਦਾ ਹੈ । ਜਿਹੜਾ ਕਿ ਕਿਸਾਨਾਂ ਨੂੰ ਲੰਬੇ ਸਮੇਂ ਤੱਕ ਚੱਲਣ ਅਤੇ ਲਾਭ ਦੇਣ ਦੀ ਗਰੰਟੀ ਦਿੰਦਾ ਹੈ । ਇਹ ਢਾਂਚਾ ਤੇਜ ਹਨੇਰੀ, ਭਾਰੀ ਮੀਂਹ ਅਤੇ ਰੱਸੀਆਂ ਨਾਲ ਬੰਨੇ ਬੂਟਿਆਂ 'ਤੇ ਲੱਗਣ ਵਾਲੀਆਂ ਸਬਜੀਆਂ ਦੇ ਭਾਰ ਨੂੰ ਝੱਲਣ ਦੇ ਸਮਰੱਥ ਹੁੰਦਾ ਹੈ ।

### ਫੁੱਲਾਂ ਅਤੇ ਸਬਜੀਆ ਦੀ ਕਾਸ਼ਤ :-

ਗ੍ਰੀਨ ਹਾਊਸ ਵਿੱਚ ਕਈ ਤਰ੍ਹਾਂ ਦੀਆਂ ਸਬਜੀਆਂ ਜਿਵੇਂ ਕਿ ਖੀਰਾ (ਸੀਡਲੈੱਸ), ਸ਼ਿਮਲਾ ਮਿਰਚ (ਹਰੀ ਅਤੇ ਰੰਗਦਾਰ) ਅਤੇ ਟਮਾਟਰ ਆਦਿ ਅਤੇ ਕਈ ਤਰ੍ਹਾਂ ਦੇ ਫੁੱਲ ਜਿਵੇਂ ਜਰਬਰਾ (Gerbera) ਅਤੇ ਗੁਲਾਬ ਆਦਿ ਵਧੀਆ ਕੁਆਲਿਟੀ ਅਤੇ ਜਿਆਦਾ ਮਿਕਦਾਰ ਵਿੱਚ ਉਗਾਏ ਜਾ ਸਕਦੇ ਹਨ । ਅਸੀਂ ਕਿਸਾਨਾਂ ਨੂੰ ਵਧੀਆ ਕੁਆਲਿਟੀ ਦੇ ਬੀਜ ਅਤੇ ਪਨੀਰੀ ਵੀ ਸਸਤੇ ਰੇਟਾਂ 'ਤੇ ਉਪਲੱਬਧ ਕਰਵਾਉਂਦੇ ਹਾਂ



### ਜੜੀਆਂ-ਬੂਟੀਆਂ ਦੀ ਕਾਸ਼ਤ :-



ਅਸੀਂ ਆਉਣ ਵਾਲੇ ਸਮੇਂ ਵਿੱਚ ਗ੍ਰੀਨ ਹਾਊਸਾਂ ਵਿੱਚ ਦਵਾਈਆਂ ਵਿੱਚ ਵਰਤਣ ਯੋਗ ਜੜੀਆਂ-ਬੂਟੀਆਂ ਉਗਾਉਣ ਦਾ ਵੀ ਉਪਰਾਲਾ ਕਰ ਰਹੇ ਹਾਂ । ਇਸ ਕੰਮ ਲਈ ਅਸੀਂ ਸਪੈਸ਼ਲ ਗ੍ਰੀਨ ਹਾਊਸ ਵਿਕਸਿਤ ਕਰ ਰਹੇ ਹਾਂ, ਜੋ ਕਿ ਵਧੀਆ ਕਿਸਮ ਦੀਆਂ ਵਪਾਰਿਕ ਵਰਤੋਂ ਵਿੱਚ ਆਉਣ ਵਾਲੀਆਂ ਅਤੇ ਜਿਆਦਾ ਲਾਭ ਦੇਣ ਵਾਲੀਆਂ ਜੜੀਆਂ-ਬੂਟੀਆਂ ਦਾ ਉਤਪਾਦਨ ਕਰਨ ਵਿੱਚ ਸਹਾਇਕ ਹੋਣਗੇ ।

### ਕੋਲਡ ਸਟੋਰੇਜ਼ ਅਤੇ ਪੋਸਟ ਹਾਰਵੈਸਟਿੰਗ ਮੈਨੇਜਮੈਂਟ ਪ੍ਰੋਜੈਕਟਾਂ ਵਿੱਚ ਸਹਾਇਤਾ :-

ਜੋ ਕਿਸਾਨ ਪੋਸਟ ਹਾਰਵੈਸਟਿੰਗ ਮੈਨੇਜਮੈਂਟ ਦੇ ਖੇਤਰ ਵਿੱਚ ਆਪਣਾ ਭਵਿੱਖ ਬਣਾਉਣਾ ਚਾਹੁੰਦੇ ਹਨ, ਅਸੀਂ ਉਨ੍ਹਾਂ ਨੂੰ ਕੋਲਡ ਸਟੋਰੇਜ਼ ਅਤੇ ਪੋਸਟ ਹਾਰਵੈਸਟਿੰਗ ਪ੍ਰੋਜੈਕਟ ਦੀ ਸੰਰਚਣਾ ਵਿੱਚ ਸਹਾਇਤਾ ਕਰਦੇ ਹਾਂ ।



### ਪ੍ਰੋਜੈਕਟ ਦੇ ਵਿਕਾਸ ਸਬੰਧੀ ਸੇਵਾਵਾਂ :-

ਅਸੀਂ ਕਿਸਾਨਾਂ ਨੂੰ ਉਨ੍ਹਾਂ ਦੀ ਲੋੜ ਅਤੇ ਇੱਛਾ ਮੁਤਾਬਿਕ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਦੇ ਹਾਂ । ਜਿਸਦੇ ਵਿੱਚ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਇਸ ਪ੍ਰਕਾਰ ਹਨ :

1. ਵਾਤਾਵਰਨ ਅਤੇ ਕਿਸਾਨ ਦੀ ਲੋੜ ਅਨੁਸਾਰ ਗ੍ਰੀਨ ਹਾਊਸ ਢਾਂਚੇ ਦੀ ਕਿਸਮ ਦੀ ਚੋਣ ਵਿੱਚ ਸਹਾਇਤਾ ।
2. ਗ੍ਰੀਨ ਹਾਊਸ ਬਨਾਉਣ ਲਈ ਸਹੀ ਜਗ੍ਹਾਂ ਦੀ ਚੋਣ ਕਰਨ ਵਿੱਚ ਸਹਾਇਤਾ।
3. ਮਿੱਟੀ ਅਤੇ ਪਾਣੀ ਦੀ ਟੈਸਟਿੰਗ ਸਬੰਧੀ ਸਹਇਤਾ।
4. ਲੋਨ ਸਬੰਧੀ ਕਾਗਜੀ ਕਾਰਵਾਈ ਅਤੇ ਸੇਵਾਵਾਂ ।
5. ਸਬਸਿਡੀ ਸਬੰਧੀ ਕਾਗਜੀ ਕਾਰਵਾਈ ਅਤੇ ਸੇਵਾਵਾਂ ।
6. ਗ੍ਰੀਨ ਹਾਊਸ ਢਾਂਚਾ ਤਿਆਰ ਕਰਨਾ ।
7. ਸਿੰਚਾਈ ਲਈ ਡ੍ਰੀਪ ਸਿਸਟਮ ਅਤੇ ਲੋੜ ਅਨੁਸਾਰ ਵਾਤਾਵਰਨ ਕੰਟ੍ਰੋਲ ਯੂਨਿਟ ਲਗਾਉਣਾ ।
8. ਮਿੱਟੀ ਵਿਚਲੀ ਹਰ ਤਰ੍ਹਾਂ ਦੀ ਘਾਟ ਨੂੰ ਪੂਰਾ ਕਰਨਾ ।
9. ਬੀਜ ਅਤੇ ਪਨੀਰੀ ਲਗਾਉਣ ਲਈ ਬੈੱਡ ਤਿਆਰ ਕਰਨੇ ।
10. ਬੀਜ ਜਾਂ ਪਨੀਰੀ ਉਪਲੱਬਧ ਕਰਵਾਉਣਾ ਅਤੇ ਲਗਾਉਣਾ।
11. ਕਿਸਾਨਾਂ ਦੀ ਟਰੇਨਿੰਗ ਅਤੇ ਫਸਲ ਦੀ ਦੇਖਭਾਲ ਲਈ ਖੇਤੀਬਾੜੀ ਮਾਹਿਰਾਂ ਦੀ ਸਹਾਇਤਾ ਮੁਹੱਇਆ ਕਰਵਾਉਣਾ ।
12. ਮੰਡੀਕਰਨ ਵਿੱਚ ਸਹਾਇਤਾ ।
13. ਨਵੀਂਆਂ ਖੋਜਾਂ ਅਤੇ ਤਕਨੀਕਾਂ ਸਬੰਧੀ ਸਮੇਂ ਸਮੇਂ 'ਤੇ ਜਾਣਕਾਰੀ ਉਪਲੱਬਧ ਕਰਵਾਉਣਾ ।

### ਬਾਗਬਾਨੀ ਵਿਭਾਗ ਦੁਆਰਾ ਮੰਨਜੂਰਸ਼ੁਦਾ ਲਾਗਤ ਅਤੇ ਸਬਸਿਡੀ ਸਹਾਇਤਾ ਦਾ ਵੇਰਵਾ

| ਲੜੀ ਨੰ. | ਗ੍ਰੀਨ ਹਾਊਸ ਪ੍ਰੋਗਰਾਮ | ਮੰਨਜੂਰਸ਼ੁਦਾ ਲਾਗਤ | ਘੱਟੋ-ਘੱਟ ਸਹਾਇਤਾ ਦਾ ਪੈਟਰਨ |
|---|---|---|---|
| 1. | ਫੈਨ ਪੈਡ ਸਿਸਟਮ | 1400-4000 ਰੁ: / ਵ:ਮੀ: | ਲਾਗਤ ਦਾ 50% |
| 1. | ਨੈਚੁਰਲੀ ਵੈਂਟੀਲੇਟਿਡ ਸਿਸਟਮ | 1000-1400 ਰੁ: / ਵ:ਮੀ: | ਲਾਗਤ ਦਾ 50% |
| 2. | ਨੈੱਟ ਹਾਊਸ (TS) | 710 ਰੁ: / ਵ:ਮੀ: | ਲਾਗਤ ਦਾ 50% |
| 3. | ਨੈੱਟ ਹਾਊਸ (Wire) | 450 ਰੁ: / ਵ:ਮੀ: | ਲਾਗਤ ਦਾ 50% |
| | **ਪਲਾਂਟਿੰਗ ਮਲਟੀਰਿਅਲ** | | |
| 1. | ਜ਼ਰਬਰਾ ਅਤੇ ਕਾਰਨੇਸ਼ਨ ਫੁੱਲ | 600 ਰੁ: / ਵ:ਮੀ: | ਲਾਗਤ ਦਾ 50% |
| 2. | ਗੁਲਾਬ ਫੁੱਲ (Rose) | 450 ਰੁ: / ਵ:ਮੀ: | ਲਾਗਤ ਦਾ 50% |
| 3. | ਸਬਜੀਆਂ | 150 ਰੁ: / ਵ:ਮੀ: | ਲਾਗਤ ਦਾ 50% |


**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :-**

BIG FIELD Care Pvt. Ltd.

CIN: U01409PB2020PTC051586

Guru Kirpa Bhawan, Nilowal Road, Sunam

Mob. +91 93718 00001, +91 9855 28 5555

website : www.bigfield.co.in

e-mail : bigfield.md@gmail.com, info@bigfeild.com


ISO 9001:2015 CERTIFIED COMPANY · STARTUP INDIA · UDYOG AADHAAR MSME

ਖੇਤਰੀ ਸ਼ਾਖਾ

Subsides Provided & Disbursed by :

**National Horticulture Mission**
Under various schemes through RKVY NVI etc.

**NATIONAL HORTICULTURE BOARD**
Under various schemes through NHM, RKVY NVI etc.

CIN: U01409PB2020PTC051586

## ਜਾਣ ਪਹਿਚਾਣ

ਅੱਜ ਦੇ ਸਮੇਂ ਵਿੱਚ ਅਸੀਂ ਸਬਜੀਆਂ ਦੀ ਸਾਲਾਨਾ ਖਪਤ ਦੀ ਪੂਰਤੀ ਕਰਨ ਦੇ ਅਸਮਰਥ ਹਾਂ ਜੋ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵਧੇਗੀ। ਅਬਾਦੀ ਦੇ ਲਗਾਤਾਰ ਵਾਧੇ, ਆਧੁਨਿਕੀਕਰਨ ਅਤੇ ਮਸ਼ੀਨੀਕਰਨ ਕਾਰਨ ਖੇਤੀ ਅਧੀਨ ਰਕਬਾ ਘਟਦਾ ਜਾ ਰਿਹਾ ਹੈ । ਇਸ ਲਈ ਸਬਜੀਆਂ ਅਤੇ ਫੁੱਲਾਂ ਦੇ ਝਾੜ ਵਿੱਚ ਵਾਧਾ ਕਰਨਾ ਲਾਜਮੀ ਕਦਮ ਹੈ । ਖੁੱਲ੍ਹੇ ਖੇਤ ਦਾ ਪ੍ਰਤੀਕੂਲ ਵਾਤਾਵਰਨ, ਉਤਪਾਦਨ ਅਤੇ ਗੁਣਵੱਤਾ ਵਿੱਚ ਵਾਧੇ ਨੂੰ ਰੋਕਦਾ ਹੈ । ਇਸ ਕਰਕੇ ਅਸੀਂ ਅੰਤਰਰਾਸ਼ਟਰੀ ਪੱਧਰ ਦੀ ਕੁਆਲਿਟੀ ਨਹੀਂ ਪੈਦਾ ਕਰ ਪਾਉਂਦੇ । ਭਾਰਤੀ ਖੇਤੀ ਵਿੱਚ ਸਬਜੀਆ ਪ੍ਰਮੁੱਖ ਸਥਾਨ ਰੱਖਦੀਆਂ ਹਨ, ਇਨ੍ਹਾਂ ਤੋਂ ਸਾਨੂੰ ਕਈ ਤਰ੍ਹਾਂ ਦੇ ਵਿਟਾਮਿਨ ਅਤੇ ਖਣਿਜ ਪਦਾਰਥ ਮਿਲਦੇ ਹਨ । ਸਾਡੇ ਦੇਸ਼ ਵਿੱਚ ਆਮ ਆਦਮੀ ਦੀ ਖੁਰਾਕ ਖਾਸ ਕਰਕੇ ਅਨਾਜ 'ਤੇ ਹੀ ਨਿਰਭਰ ਹੈ । ਭਾਰਤੀ ਸਿਹਤ ਖੋਜ ਸੰਸਥਾ ਦੀਆਂ ਸਿਫਾਰਿਸ਼ਾਂ ਅਨੁਸਾਰ ਇੱਕ ਸਹਿਤਮੰਦ ਮਨੁੱਖ ਦੀ ਖੁਰਾਕ ਵਿੱਚ 280 ਤੋਂ 300 ਗ੍ਰਾਮ ਸਬਜੀਆਂ, 30-50 ਗ੍ਰਾਮ ਫਲ ਅਤੇ 85 ਗ੍ਰਾਮ ਦਾਲਾਂ ਦਾ ਹੋਣਾ ਬਹੁਤ ਜਰੂਰੀ ਹੈ । ਪਰ ਫਿਰ ਵੀ ਸਾਡੀਆਂ ਸਬਜੀਆਂ ਦੀ ਖਪਤ ਪ੍ਰਤੀ ਜੀਅ ਸਿਰਫ 180 ਗ੍ਰਾਮ ਰੋਜਾਨਾ ਹੈ, ਜਿਹੜੀ ਕਿ ਬਹੁਤ ਘੱਟ ਹੈ । ਅੱਜ ਦੇ ਯੁੱਗ ਵਿੱਚ ਬਜਾਰ ਵਿੱਚ ਸਬਜੀਆ ਦੀ ਮੰਗ ਵਧਣ ਕਰਨ ਕਰਕੇ ਅਤੇ ਵਾਹੀਯੋਗ ਜਮੀਨ ਘਟਣ ਕਰਕੇ, ਕੁਦਰਤੀ ਸਾਧਨਾਂ ਦੀ ਯੋਗ ਵਰਤੋਂ ਕਰਦੇ ਹੋਏ ਮਿਆਰੀ ਸਬਜੀਆਂ ਪੈਦਾ ਕਰਨ ਦੀ ਲੋੜ ਹੈ ਜਿਸ ਵਾਸਤੇ ਸੁਰੱਖਿਅਤ ਖੇਤੀ ਹੀ ਢੁਕਵਾਂ ਬਦਲ ਹੈ ।

## ਖੇਤੀ ਵਿਭੰਨਤਾ ਅਤੇ ਸੁਰੱਖਿਅਤ ਖੇਤੀ

ਸੁਰੱਖਿਅਤ ਖੇਤੀ ਰਾਹੀਂ ਕਾਸ਼ਤ ਕਰਨ ਨਾਲ ਵੱਧ ਝਾੜ, ਪ੍ਰਤੀਕੂਲ ਵਾਤਾਵਰਣ ਵਿੱਚ ਵੀ ਵਧੀਆ ਗੁਣਵੱਤਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਲਾਭ ਹਨ । ਗ੍ਰੀਨ ਹਾਊਸ ਦੀ ਅਸਰਦਾਰ ਲਾਗਤ ਵਿੱਚ ਬਣਤਰ ਇੱਕ ਜਰੂਰੀ ਖੇਤਰ ਹੈ, ਜੋ ਜਗ੍ਹਾਂ ਅਤੇ ਵੱਖ-ਵੱਖ ਖੇਤੀ ਵਾਤਾਵਰਣ ਵਿੱਚ ਕਾਸ਼ਤ 'ਤੇ ਆਧਾਰਿਤ ਹੈ । ਭਾਵੇਂ ਕਿ ਸਰਕਾਰ ਨੇ ਇਸ 'ਤੇ ਸਬਸਿਡੀ ਦਿੱਤੀ ਹੋਈ ਹੈ, ਪਰ ਇਸ ਵਾਰੇ ਘੱਟ ਜਾਣਕਾਰੀ ਹੀ ਇਸ ਨੂੰ ਨਾਂ ਅਪਨਾਉਣ ਦਾ ਇੱਕ ਮੁੱਖ ਕਾਰਨ ਹੈ । ਗ੍ਰੀਨ ਹਾਊਸ (ਫੈਨ ਐਂਡ ਪੈਡ ਸਿਸਟਮ, ਨੈਚੂਰਲੀ ਵੈਂਟੀਲੇਟਡ ਪੋਲੀ ਹਾਊਸ, ਸ਼ੇਡ ਨੈੱਟ ਹਾਊਸ ਅਤੇ ਵਾਕ-ਇਨ-ਟਨਲ) ਦੀ ਉਸਾਰੀ ਦੀ ਕੀਮਤ ਦੇ ਨਾਲ-ਨਾਲ ਸਬੰਧਿਤ ਡਿਜਾਇਨ ਅਤੇ ਉਸਾਰੀ ਵਾਲੀ ਜਗ੍ਹਾ ਅਤੇ ਫਸਲ ਦੀ ਕਾਸ਼ਤ ਲਈ ਵਾਤਾਵਰਣ ਇਸਦੇ ਮੁੱਖ ਹਿੱਸੇ ਹਨ । ਇਸ ਸਮੇਂ ਇਹ ਜਰੂਰਤ ਹੈ ਕਿ ਪੰਜਾਬ ਦੇ ਵਾਤਾਵਰਨ ਨੂੰ ਸਹਾਰਨ ਵਾਲੀਆਂ ਹਾਲਤਾਂ ਵਾਲਾ ਗ੍ਰੀਨ ਹਾਊਸ ਤਿਆਰ ਕੀਤਾ ਜਾਵੇ ।

ਇਸ ਤੋਂ ਇਲਾਵਾ ਰਸਾਇਣਾਂ ਤੋਂ ਬਿਨ੍ਹਾਂ ਰਹਿੰਦ-ਖੂੰਦ ਤੋਂ ਤਿਆਰ ਖਾਦ ਰਾਹੀਂ ਓਰਗੈਨਿਕ ਖੇਤੀ ਕਰਨਾ ਅਤੇ ਸਬਜੀਆਂ ਉਗਾਉਣਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ । ਇਹੋ ਜਿਹੀਆਂ ਹਾਲਤਾਂ ਵਿੱਚ ਸੁਰੱਖਿਅਤ ਖੇਤੀ ਹੀ ਇੱਕੋ-ਇੱਕ ਹੱਲ ਹੈ ।

### ਗ੍ਰੀਨ ਹਾਊਸ ਕਿਉਂ :-

ਗਰੀਨ ਹਾਊਸ ਇੱਕ ਜਿਸਤੀ ਪਾਈਪਾਂ ਦਾ ਢਾਂਚਾ ਹੈ । ਜਿਸਨੂੰ ਪਾਰਦਰਸ਼ੀ ਪਲਾਸਟਿਕ ਸ਼ੀਟ, ਇਨਸੈਕਟ ਨੈੱਟ ਅਤੇ ਸ਼ੇਡ ਨੈੱਟ ਨਾਲ ਢਕਿਆ ਹੁੰਦਾ ਹੈ ਅਤੇ ਇਹ ਇੰਨ੍ਹਾਂ ਵੱਡਾ ਹੁੰਦਾ ਹੈ ਕਿ ਫਸਲਾਂ ਦੀ ਕਾਸ਼ਤ ਲਈ ਵਾਤਾਵਰਨ ਨੂੰ ਪੂਰੀ ਤਰ੍ਹਾਂ ਜਾਂ ਕਾਫੀ ਹੱਦ ਤੱਕ ਕਾਬੂ ਹੇਠ ਰੱਖਦਾ ਹੈ ਤਾਂ ਕਿ ਵੱਧ ਤੋਂ ਵੱਧ ਝਾੜ ਅਤੇ ਗੁਣਵੱਤਾ ਪ੍ਰਾਪਤ ਹੋ ਸਕੇ । ਫਸਲ ਨੂੰ ਉਸਦੇ ਸੁਭਾਅ ਮੁਤਾਬਿਕ ਵਾਤਾਵਰਣ ਮੁਹੱਈਆ ਕਰਵਾਉਣ ਲਈ ਗ੍ਰੀਨ ਹਾਊਸ ਢਾਂਚੇ ਦਾ ਨਿਰਮਾਣ ਕੀਤਾ ਜਾਂਦਾ ਹੈ ।ਗ੍ਰੀਨ ਹਾਊਸ ਦੀਆਂ ਕੁਝ ਕਿਸਮਾਂ ਜਿਵੇਂ ਕਿ ਫੈਨ ਐਂਡ ਪੈਡ ਸਿਸਟਮ, ਨੈਚੂਰਲੀ ਵੈਂਟੀਲੇਟਡ ਪੋਲੀ ਹਾਊਸ, ਸ਼ੇਡ ਨੈੱਟ ਹਾਊਸ ਅਤੇ ਵਾਕ-ਇਨ-ਟਨਲ ਆਦਿ ਹਨ ।

### ਗ੍ਰੀਨ ਹਾਊਸ ਵਿੱਚ ਝਾੜ ਜਿਆਦਾ ਕਿਉਂ :-

1. ਯੂ.ਵੀ. ਫਿਲਮ, ਗ੍ਰੀਨ ਹਾਊਸ ਵਿੱਚ ਖਤਰਨਾਕ ਯੂ.ਵੀ. ਕਿਰਨਾਂ ਨੂੰ ਆਉਣ ਤੋਂ ਰੋਕ ਕੇ ਫਸਲ ਦੀ ਰੱਖਿਆ ਕਰਦੀ ਹੈ ।
2. ਅੰਦਰ ਦਾ ਵਾਤਾਵਰਨ ਕੰਟਰੋਲ ਵਿੱਚ ਰਹਿੰਦਾ ਹੈ ।
3. ਸਾਇਡਾਂ 'ਤੇ ਇਨਸੈਕਟਨੈੱਟ ਲੱਗਿਆ ਹੁੰਦਾ ਹੈ ਤਾਂ ਕਿ ਕੀੜੇ-ਮਕੌੜੇ ਅੰਦਰ ਨਾਂ ਆ ਸਕਣ ।
4. ਗ੍ਰੀਨ ਹਾਊਸ ਅਸਰ ਕਾਰਨ ਸਰਦੀ ਵਿੱਚ ਵੀ ਅੰਦਰ ਜਿਆਦਾ ਤਾਪਮਾਨ ਹੁੰਦਾ ਹੈ ।
5. ਬੂਟੇ ਰਾਤ ਨੂੰ ਛੱਡੀ ਗਈ ਕਾਰਬਨਡਾਇਆਕਸਾਈਡ ਦੀ ਮਾਤਰਾ ਨੂੰ ਸਵੇਰ ਵੇਲੇ ਸੋਖ ਲੈਂਦੇ ਹਨ । ਇਸ ਕਾਰਨ ਉਹ ਆਮ ਹਾਲਤਾਂ ਵਾਲੇ ਪੌਦਿਆਂ ਨਾਲੋਂ 8-10 ਗੁਣਾਂ ਵੱਧ ਭੋਜਨ ਬਣਾ ਲੈਂਦੇ ਹਨ ।

### ਲਾਭ (ਸੁਰੱਖਿਅਤ ਖੇਤੀ ਦੇ ਫਾਇਦੇ) :-

- ਪ੍ਰਤੀ ਏਕੜ ਜਿਆਦਾ ਫਸਲ/ਉਪਜ ਤੇ ਵਧੀਆ ਕੁਆਲਿਟੀ
- ਫਸਲ ਲਈ ਮੁੱਖ ਨੁਕਸਾਨਦਾਇਕ ਬਾਰਿਸ਼, ਹਨੇਰੀ ਅਤੇ ਠੰਡ ਤੋਂ ਬਚਾਓ
- ਕੁਦਰਤੀ ਰੋਸ਼ਨੀ ਅਤੇ ਹਵਾ ਦਾ ਪ੍ਰਬੰਧ
- ਲੰਬੀ ਦੇਰੀ ਲਈ ਫਸਲ ਦੇ ਸੁਭਾਅ ਅਨੁਸਾਰ ਵਾਤਾਵਰਣ
- ਬੇ-ਮੌਸਮੀ ਸਬਜੀ ਦੀ ਕਾਸ਼ਤ
- ਨੁਕਸਾਨਦਾਇਕ ਕੀੜਿਆਂ ਤੋਂ ਬਚਾਅ
- ਜਮੀਨ ਦਾ ਆਧੁਨਿਕ ਤਰੀਕੇ ਨਾਲ ਵਧੀਆ ਇਸਤੇਮਾਲ
- ਦਵਾਈਆਂ, ਖਾਦਾਂ ਅਤੇ ਪਾਣੀ ਦਾ ਸੁਚੱਜਾ ਇਸਤੇਮਾਲ
- ਘੱਟ ਰਕਬੇ ਤੋਂ ਚੰਗੀ ਕੁਆਲਿਟੀ ਦੀ ਵੱਧ ਪੈਦਾਵਾਰ ਅਤੇ ਵੱਧ ਮੁਨਾਫਾ ਕਿਉਂਕਿ ਫਸਲ ਦੀ ਜਿਨਸੀ ਸਮਰੱਥਾ ਪ੍ਰਭਾਵਿੱਤ ਹੁੰਦੀ ਹੈ ।
- ਬਜਾਰ ਦੀ ਮੰਗ ਅਨੁਸਾਰ ਕੋਈ ਵੀ ਫਸਲ ਕਿਸੇ ਵੀ ਮੌਸਮ ਦੌਰਾਨ ਉਗਾਈ ਜਾ ਸਕਦੀ ਹੈ ।
- ਡ੍ਰਿੱਪ ਸਿੰਚਾਈ ਵਿਧੀ ਰਾਹੀਂ ਹਰੇਕ ਪੌਦੇ ਤੱਕ ਪਹੁੰਚ ।



ਫੈਨ ਐਂਡ ਪੈਡ ਸਿਸਟਮ




ਨੈਚੁਰਲੀ ਵੈਂਟੀਲੇਟਿਡ ਪੋਲੀ ਹਾਊਸ



ਡੋਮ ਸ਼ੇਪ ਨੈੱਟ ਹਾਊਸ




ਸ਼ੇਡ ਨੈੱਟ ਹਾਊਸ



ਜਰਬੇਰਾ ਫੁੱਲ



ਬੀਜ ਰਹਿਤ ਖੀਰਾ



ਖੀਰੇ ਦੀ ਫਸਲ



ਡਰੈਗਨ ਫਰੂਟ ਦੀ ਖੇਤੀ

### ਯੋਜਨਾਬੰਦੀ ਅਤੇ ਡਿਜਾਇਨ :-

ਇੱਕ ਗ੍ਰੀਨ ਹਾਊਸ ਨੂੰ ਇਸ ਤਰ੍ਹਾਂ ਬਣਾਇਆ ਜਾਂਦਾ ਹੈ ਕਿ ਇਸ ਨੂੰ ਢਕਣ ਵਾਲਾ ਮਟੀਰਿਅਲ ਮੀਂਹ ਅਤੇ ਹਵਾ ਦੀ ਮਾਰ ਅਤੇ ਖਾਸ ਕ੍ਰਿਆਸ਼ੀਲ ਖੇਤੀ ਨੂੰ ਝੱਲ ਸਕੇ । ਗ੍ਰੀਨ ਹਾਊਸ ਤਕਨੀਕ ਨਾਲ ਫਸਲ ਦੇ ਵਾਧੇ ਲਈ ਵਾਤਾਵਰਨ ਦੇ ਸਾਰੇ ਹਿਸਿਆਂ ਨੂੰ ਜਿਵੇਂ ਕਿ ਰੋਸ਼ਨੀ, ਹਵਾ, ਤਾਪਮਾਨ ਅਤੇ ਨਮੀਂ ਦੀ ਮਾਤਰਾ ਨੂੰ ਪੂਰੀ ਤਰ੍ਹਾਂ ਕੰਟਰੋਲ ਕੀਤਾ ਜਾ ਸਕਦਾ ਹੈ ।

### ਜਗ੍ਹਾ ਦੀ ਚੋਣ :-

1. ਗ੍ਰੀਨ ਹਾਊਸ ਵਾਲੀ ਜਗ੍ਹਾ 'ਤੇ ਪਾਣੀ ਦੇ ਸਾਧਨ (ਟਿਊਬਵੈਲ/ਨਹਿਰੀ ਪਾਣੀ) ਦਾ ਪ੍ਰਬੰਧ ਹੋਵੇ ।
2. ਜਮੀਨ ਦਾ ਖਾਰਾਪਣ 5.5 ਤੋਂ 8 ਅਤੇ ਈ.ਸੀ. (ਚਾਲਕਤਾ) 0.8 ਮਿ. ਮਹੋਸ./ਸੈ.ਮੀ. ਤੋਂ ਘੱਟ ਹੋਣੀ ਚਾਹੀਦੀ ਹੈ ।
3. ਪਾਣੀ ਦਾ ਪੀ.ਐੱਚ. (Ph) 5.5 ਤੋਂ 7.5 ਅਤੇ ਈ.ਸੀ. (EC) 2.0 ਮਿ. ਮਹੋਸ./ਸੈ.ਮੀ. ਤੋਂ ਘੱਟ ਹੋਣੀ ਚਾਹੀਦੀ ਹੈ ।
4. ਜਮੀਨ ਦਾ ਲੇਵਲ ਬਾਕੀ ਖੇਤਾਂ ਨਾਲੋਂ ਉੱਚਾ ਹੋਣਾ ਚਾਹਿਦਾ ਹੈ ।
5. ਸਾਈਟ ਹਵਾ ਅਤੇ ਪਾਣੀ ਪ੍ਰਦੂਸ਼ਨ ਤੋਂ ਮੁਕਤ ਹੋਣੀ ਚਾਹੀਦੀ ਹੈ ।
6. ਗ੍ਰੀਨ ਹਾਊਸ ਵਾਲੀ ਜਗ੍ਹਾਂ 'ਤੇ ਆਉਣਾ-ਜਾਣਾ ਸੁਖਾਲਾ ਹੋਣਾ ਚਾਹਿਦਾ ਹੈ ।
7. ਇੱਥੇ ਲੇਬਰ ਦਾ ਆਸਾਨੀ ਨਾਲ ਮਿਲਣਾ ਬਹੁਤ ਜਰੂਰੀ ਹੈ ।
8. ਗ੍ਰੀਨ ਹਾਊਸ ਵਾਲੀ ਜਗ੍ਹਾ ਦੇ ਉੱਪਰ ਦੀ ਘੱਟ ਉਚਾਈ ਵਾਲੀਆਂ ਬਿਜਲੀ ਦੀਆਂ ਤਾਰਾਂ ਨਾਂ ਲੰਘਦੀਆਂ ਹੋਣ ।
9. ਭਵਿੱਖ ਵਿੱਚ ਗ੍ਰੀਨ ਹਾਊਸ ਤਹਿਤ ਹੋਰ ਰਕਬਾ ਵਧਾਉਣ ਦੇ ਸਾਧਨ ਹੋਣ ।

### ਦਿਸ਼ਾ :-

ਗ੍ਰੀਨ ਹਾਊਸ ਨੂੰ ਉੱਤਰ ਅਤੇ ਦੱਖਣ ਦਿਸ਼ਾ ਵੱਲ ਇਸ ਤਰ੍ਹਾਂ ਬਣਾਓ ਕਿ ਸੂਰਜ ਦੀ ਰੋਸ਼ਨੀ ਤੋਂ ਪੂਰਾ ਸਾਲ ਜਿਆਦਾ ਤੋਂ ਜਿਆਦਾ ਲਾਭ ਪ੍ਰਾਪਤ ਹੋ ਸਕੇ ਅਤੇ ਹਵਾ ਦੇ ਦਵਾਅ ਦਾ ਅਸਰ ਵੀ ਘੱਟ ਹੋਵੇ ।

### 3. ਤਾਪਮਾਨ :-

ਹਵਾ ਦਾ ਸਹੀ ਤਾਪਮਾਨ $16-40^{0}$ ਸੈਲਸੀਅਸ ਦੇ ਵਿੱਚ ਹੋਣਾ ਚਾਹੀਦਾ ਅਤੇ ਮਿੱਟੀ ਦਾ ਤਾਪਮਾਨ $15^{0}$ ਸੈਲਸੀਅਸ ਤੋਂ ਘੱਟ ਨਾਂ ਹੋਵੇ ।

### 4. ਨਮੀ :-

ਨਮੀ 70-80% ਤੱਕ ਹੋਵੇ ।

**ਵਿਸ਼ੇਸ਼ :- ਬਿੱਗ ਫੀਲਡ ਕੇਅਰ ਪ੍ਰਾ. ਲਿਮ: ਸੰਸਥਾ ਕਿਸਾਨਾਂ ਨੂੰ ਖੁੱਲ੍ਹੇ ਖੇਤ (ਓਪਨ ਫੀਲਡ) ਦੇ ਲਈ ਤੁਪਕਾ ਸਿੰਚਾਈ (ਡ੍ਰਿੱਪ ਇਰੀਗੇਸ਼ਨ) ਪ੍ਰਣਾਲੀ ਦਾ ਢੁੱਕਵਾਂ ਹੱਲ ਵੀ ਮੁਹੱਈਆ ਕਰਵਾਉਂਦੀ ਹੈ ।**

**ਅਸੀਂ ਆਧੁਨਿਕ ਢੰਗ ਨਾਲ ਖੇਤੀ ਦੀਆਂ ਨਵੀਆਂ ਤਕਨੀਕਾਂ ਰਾਹੀਂ ਡਰੈਗਨ ਫਰੂਟ, ਹਾਈ ਡੈਨਸਿਟੀ ਥਾਈ ਅਮਰੂਦ ਆਦਿ ਦੇ ਫਾਰਮ ਵੀ ਵਿਕਸਿਤ ਕਰਵਾ ਰਹੇ ਹਾਂ ।**